ਪੰਜਾਬ ਵਿਧਾਨ ਸਭਾ

ਬਿਲ ਨੰ. 07-ਪੀ.ਐਲ.ਏ.-2023

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧ) ਬਿੱਲ, 2023

ਇਕ

ਬਿੱਲ

ਜੋ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ, 2004 ਵਿੱਚ ਅੱਗੇ ਸੋਧ ਕਰਦਾ ਹੈ।

ਇਸ ਨੂੰ ਭਾਰਤੀ ਗਣਰਾਜ ਦੇ ਚੁਹਤਰਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਦੁਆਰਾ ਹੇਠ ਅਨੁਸਾਰ ਤਿਆਰ ਕੀਤਾ ਗਿਆ ਹੈ: -

*ਸੰਖੇਪ ਸਿਰਲੇਖ ਅਤੇ ਅਰੰਭ*

1. (1) ਇਸ ਐਕਟ ਨੂੰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ, 2023 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿਚ ਇਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਲਾਗੂ ਅਤੇ ਪ੍ਰਭਾਵੀ ਹੋਵੇਗਾ।

2004 ਦੇ ਪੰਜਾਬ ਐਕਟ 5 ਦੀ ਧਾਰਾ 2 ਵਿੱਚ ਸੋਧ।

2. ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ, 2004 (ਜਿਸ ਨੂੰ ਇਸ ਉਪਰੰਤ ਪ੍ਰਿੰਸੀਪਲ ਐਕਟ ਕਿਹਾ ਜਾਵੇਗਾ), ਦੀ ਧਾਰਾ 2 ਵਿੱਚ, -

(i) ਕਲਾਜ਼ (ਡੀ) ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ;

(ii) ਕਲਾਜ਼ (ਐਫ) ਵਿੱਚ, ਅੰਤ ਵਿੱਚ ਦਿਖਾਈ ਦੇਣ ਵਾਲੇ ਚਿੰਨ੍ਹ ";" ਦੀ ਥਾਂ, ਸ਼ਬਦ ਅਤੇ ਚਿੰਨ੍ਹ "ਅਤੇ;" ਵਰਤੇ ਜਾਣਗੇ; ਅਤੇ

(iii) ਕਲਾਜ਼ (ਐਚ) ਅਤੇ (ਆਈ) ਨੂੰ ਖਤਮ ਕਰ ਦਿੱਤਾ ਜਾਵੇਗਾ।

2004 ਦੇ ਪੰਜਾਬ ਐਕਟ 5 ਦੀ ਧਾਰਾ 3 ਵਿੱਚ ਸੋਧ।

3. ਪ੍ਰਿੰਸੀਪਲ ਐਕਟ ਦੀ ਧਾਰਾ 3, ਦੀ ਉਪ-ਧਾਰਾ (2) ਵਿੱਚ,-

(i) ਕਲਾਜ਼ (ਏਏ) ਖਤਮ ਕਰ ਦਿੱਤੀ ਜਾਵੇਗੀ; ਅਤੇ

(ii) ਧਾਰਾ (ਬੀ) ਦੀ ਥਾਂ, ਹੇਠ ਦਿੱਤੀ ਧਾਰਾ ਆਵੇਗੀ, ਅਰਥਾਤ: -

"(ਬੀ) ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਵਿੱਚੋਂ ਪੰਜ ਤੋਂ ਵੱਧ ਗੈਰ-ਸਰਕਾਰੀ ਮੈਂਬਰ ਨਹੀਂ ਹੋਣਗੇ, ਜਿਨ੍ਹਾਂ ਨੂੰ ਸਰਕਾਰ ਦੁਆਰਾ ਯੋਗਤਾ, ਦਿਆਨਤਦਾਰੀ ਅਤੇ ਰੁਤਬੇ ਵਾਲੇ ਵਿਅਕਤੀਆਂ ਵਿੱਚੋਂ ਨਿਯੁਕਤ ਕੀਤਾ ਜਾ ਸਕਦਾ ਹੈ, ਜਿਨ੍ਹਾਂ ਨੇ ਅਨੁਸੂਚਿਤ ਜਾਤੀਆਂ ਦੀ ਭਲਾਈ ਅਤੇ ਉੱਨਤੀ ਲਈ ਕੰਮ ਕੀਤਾ ਹੈ:

ਬਸ਼ਰਤੇ ਕਿ ਪੰਜ ਗੈਰ-ਸਰਕਾਰੀ ਮੈਂਬਰਾਂ ਵਿੱਚੋਂ, ਘੱਟੋ-ਘੱਟ ਇੱਕ ਇਸਤਰੀ ਹੋਵੇ।

2004 ਦੇ ਪੰਜਾਬ ਐਕਟ 4 ਦੀ ਧਾਰਾ 2 ਵਿੱਚ ਸੋਧ।

4. ਪ੍ਰਿੰਸੀਪਲ ਐਕਟ ਦੀ ਧਾਰਾ 4 ਵਿੱਚ,-

(i) ਹਾਸ਼ੀਏ ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ;

(ii) ਉਪ-ਧਾਰਾਵਾਂ (1) ਅਤੇ (2) ਲਈ, ਹੇਠ ਦਿੱਤੀਆਂ ਉਪ-ਧਾਰਾਵਾਂ ਆਉਣਗੀਆਂ, ਅਰਥਾਤ: -

"(1) ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰ ਤਿੰਨ ਸਾਲਾਂ ਦੀ ਮਿਆਦ ਲਈ ਅਹੁਦਾ ਸੰਭਾਲਣਗੇ ਜਿਸ ਵਿੱਚ ਦੋ ਸਾਲਾਂ ਤੱਕ ਦਾ ਵਾਧਾ ਕੀਤਾ ਜਾ ਸਕਦਾ ਹੈ:

ਬਸ਼ਰਤੇ ਕਿ ਜਿੱਥੇ ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰ ਉਪਰੋਕਤ ਤਿੰਨ ਸਾਲ ਦੀ ਮਿਆਦ ਦੀ ਸਮਾਪਤੀ ਤੋਂ ਪਹਿਲਾਂ 65 ਸਾਲ ਦਾ ਹੋ ਜਾਂਦਾ ਹੈ, ਉਹ ਉਸ

ਦਿਨ ਆਪਣਾ ਅਹੁਦਾ ਖਾਲੀ ਕਰ ਦੇਵੇਗਾ ਜਿਸ ਦਿਨ ਉਹ ਇਸ ਉਮਰ ਦਾ ਹੋ ਜਾਂਦਾ ਹੈ।

(2) ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰ, ਕਿਸੇ ਵੀ ਸਮੇਂ, ਸਰਕਾਰ ਨੂੰ ਲਿਖਤ ਰੂਪ ਵਿਚ ਸੰਬੋਧਿਤ ਕਰਦਿਆਂ, ਚੇਅਰਪਰਸਨ ਦੇ ਅਹੁਦੇ ਤੋਂ ਜਾਂ ਮੈਂਬਰ ਦੇ ਅਹੁਦੇ ਤੋਂ, ਜਿਵੇਂ ਦਾ ਵੀ ਮਾਮਲਾ ਹੋਵੇ, ਅਸਤੀਫਾ ਦੇ ਸਕਦੇ ਹਨ।";

(iii) ਉਪ-ਧਾਰਾ (3) ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ;

(iv) ਉਪ-ਧਾਰਾ (4) ਵਿੱਚ, ਨਿਯਮ ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ, ਜਿਵੇਂ ਦਾ ਵੀ ਮਾਮਲਾ ਹੋਵੇ, ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ; ਅਤੇ

(v) ਉਪ-ਧਾਰਾ (5) ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ।

2004 ਦੇ ਪੰਜਾਬ ਐਕਟ 6 ਦੀ ਧਾਰਾ 2 ਵਿੱਚ ਸੋਧ।

5. ਪ੍ਰਿੰਸੀਪਲ ਐਕਟ ਵਿੱਚ, ਧਾਰਾ 6 ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ।

2004 ਦੇ ਪੰਜਾਬ ਐਕਟ 5 ਦੀ ਧਾਰਾ 7 ਵਿੱਚ ਸੋਧ।

6. ਪ੍ਰਿੰਸੀਪਲ ਐਕਟ ਵਿੱਚ, ਧਾਰਾ 7 ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ।

2004 ਦੇ ਪੰਜਾਬ ਐਕਟ 5 ਦੀ ਧਾਰਾ 20 ਵਿੱਚ ਸੋਧ।

7. ਪ੍ਰਿੰਸੀਪਲ ਐਕਟ ਵਿੱਚ, ਧਾਰਾ 20 ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ।

2004 ਦੇ ਪੰਜਾਬ ਐਕਟ 5 ਦੀ ਧਾਰਾ 22 ਵਿੱਚ ਸੋਧ।

8. ਪ੍ਰਿੰਸੀਪਲ ਐਕਟ ਵਿੱਚ, ਧਾਰਾ 22 ਵਿੱਚ, ਸ਼ਬਦਾਂ ਅਤੇ ਚਿੰਨ੍ਹਾਂ "ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ" ਦੀ ਥਾਂ ਸ਼ਬਦ "ਚੇਅਰਪਰਸਨ" ਵਰਤਿਆ ਜਾਵੇਗਾ।

## ਉਦੇਸ਼ਾਂ ਅਤੇ ਕਾਰਨਾਂ ਦੀ ਵਿਆਖਿਆ

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਲਈ "ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ, 2004" ਦੇ ਤਹਿਤ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੇ ਹਿੱਤਾਂ ਦੀ ਰਾਖੀ ਅਤੇ ਸੁਰੱਖਿਆ ਦੇ ਉਦੇਸ਼ ਨਾਲ, ਉਨ੍ਹਾਂ ਦੀ ਭਲਾਈ ਅਤੇ ਵਿਕਾਸ ਲਈ ਅਤੇ ਇਸ ਨਾਲ ਜੁੜੇ ਜਾਂ ਪ੍ਰਸੰਗਿਕ ਮਾਮਲਿਆਂ ਲਈ, ਸੁਧਾਰਕ ਉਪਾਵਾਂ ਦੀ ਸਿਫ਼ਾਰਸ਼ ਕਰਨ ਲਈ ਗਠਿਤ ਕੀਤਾ ਗਿਆ ਹੈ। ।

2. 'ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਐਕਟ, 2004' ਵਿੱਚ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਿੱਚ ਗੈਰਸਰਕਾਰੀ ਮੈਂਬਰਾਂ ਦੀ ਗਿਣਤੀ ਨੂੰ ਘਟਾਉਣ-, ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰਾਂ ਦੇ ਅਹੁਦੇ ਦੇ ਕਾਰਜਕਾਲ ਨੂੰ ਮੁੜ ਨਿਰਧਾਰਤ ਕਰਨ ਅਤੇ ਰਾਜ ਅਨੁਸੂਚਿਤ ਜਾਤੀਆ ਕਮਿਸ਼ਨ ਵਿੱਚ ਚੇਅਰਪਰਸਨ ਅਤੇ ਗੈਰਸਰਕਾਰੀ ਮੈਂਬਰਾਂ ਵਜੋਂ ਨਿਯੁਕਤੀ ਲਈ ਉਪਰਲੀ ਉਮਰ ਸੀਮਾ ਨੂੰ ਮੁੜ ਨਿਰਧਾਰਿਤ ਕਰਨ- ਹਿੱਤ ਸੋਧਾਂ ਪ੍ਰਸਤਾਵਿਤ ਕੀਤੀਆਂ ਗਈਆਂ ਹਨ।

3. ਪ੍ਰਸਤਾਵਿਤ ਸੋਧਾਂ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਰਾਜ ਦੇ ਵਿੱਤ ਵਿੱਚ ਮਨੁੱਖੀ ਸ਼ਕਤੀ ਦੇ ਬਿਹਤਰ ਪ੍ਰਬੰਧਨ ਵਿੱਚ ਮਦਦ ਕਰਨਗੀਆਂ। ਇਸ ਤੋਂ ਇਲਾਵਾ, ਇਹ ਕਮਿਸ਼ਨ ਵਿੱਚ ਹੋਰ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਸੇਵਾ ਕਰਨ ਦੇ ਮੌਕੇ ਪ੍ਰਦਾਨ ਕਰਨ ਵਿੱਚ ਸਹਾਈ ਹੋਣਗੀਆਂ।

4. ਸਾਲ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਸਭ ਤੋਂ ਵੱਧ ਆਬਾਦੀ ਭਾਵ 31.94% ਹੈ। ਉਦੋਂ ਤੋਂ ਕਮਿਸ਼ਨ ਨੂੰ ਭਾਰਤ ਦੇ ਸੰਵਿਧਾਨ ਜਾਂ ਕਿਸੇ ਹੋਰ ਕਾਨੂੰਨ ਅਧੀਨ ਅਨੁਸੂਚਿਤ ਜਾਤੀਆਂ ਦੇ ਹਿੱਤਾਂ ਦੀ ਰਾਖੀ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਜਾਂਚ ਕਰਨ ਦੇ ਨਾਲਨਾਲ- ਅਨੁਸੂਚਿਤ ਜਾਤੀਆਂ ਦੀ ਭਲਾਈ ਅਤੇ ਸਮਾਜਿਕਆਰਥਿਕ ਵਿਕਾਸ ਹਿੱਤ ਅਜਿਹੇ ਸੁਰੱਖਿਆ ਉਪਾਵਾਂ ਅਤੇ ਰਾਖੀ- ਲਈ ਹੋਰ ਉਪਾਵਾਂ ਨੂੰ ਲਾਗੂ ਕਰਨ ਦੀ ਸਿਫ਼ਾਰਸ਼ ਕਰਨ ਹਿੱਤ ਸ਼ਕਤੀਆਂ ਅਤੇ ਕਾਰਜ ਸੌਂਪੇ ਗਏ ਹਨ। ਇਨ੍ਹਾਂ ਸਾਰੇ ਮਾਮਲਿਆਂ ਲਈ ਕਮਿਸ਼ਨ ਦੇ ਚੇਅਰਪਰਸਨ ਅਤੇ ਗੈਰਸਰਕਾਰੀ ਮੈਂਬਰ ਵਜੋਂ ਇੱਕ ਤਜਰਬੇਕਾਰ ਅਤੇ ਚੰਗੇ- ਅਨੁਭਵ ਵਾਲੇ ਵਿਅਕਤੀ ਦੀ ਲੋੜ ਹੁੰਦੀ ਹੈ।

5. ਇਸ ਲਈ, ਐਕਟ ਵਿੱਚ ਉਕਤ ਅਨੁਸਾਰ ਇਹ ਸੋਧਾਂ ਜ਼ਰੂਰੀ ਤੌਰ 'ਤੇ ਲੋੜੀਂਦੀਆਂ ਹਨ।

ਡਾ. ਬਲਜੀਤ ਕੌਰ<br>
ਸਮਾਜਿਕ ਨਿਆਂ<br>
ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ,ਪੰਜਾਬ

# ਵਿੱਤੀ ਮੈਮੋਰੰਡਮ

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸੋਧ ਬਿੱਲ, 2023 ਦਾ ਉਦੇਸ਼ ਗੈਰ-ਸਰਕਾਰੀ ਮੈਂਬਰਾਂ ਦੀ ਗਿਣਤੀ ਨੂੰ ਘਟਾਉਣਾ, ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰਾਂ ਦੇ ਦਫ਼ਤਰ ਦੇ ਕਾਰਜਕਾਲ ਨੂੰ ਮੁੜ ਨਿਰਧਾਰਿਤ ਕਰਨਾ ਅਤੇ ਚੇਅਰਪਰਸਨ ਅਤੇ ਗੈਰ-ਸਰਕਾਰੀ ਮੈਂਬਰਾਂ ਵਜੋਂ ਨਿਯੁਕਤੀ ਲਈ ਉਪਰਲੀ ਉਮਰ ਸੀਮਾ ਨੂੰ ਮੁੜ ਨਿਰਧਾਰਿਤ ਕਰਨਾ ਹੈ। ਇਸ ਨਾਲ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਰਾਜ ਦੇ ਵਿੱਤ ਵਿੱਚ ਮਨੁੱਖੀ ਸ਼ਕਤੀ ਦੇ ਬਿਹਤਰ ਪ੍ਰਬੰਧਨ ਵਿੱਚ ਮਦਦ ਮਿਲੇਗੀ। ਇਸ ਤੋਂ ਇਲਾਵਾ, ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਕਮਿਸ਼ਨ ਵਿੱਚ ਸੇਵਾ ਕਰਨ ਦੇ ਮੌਕੇ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ। ਇਸ ਬਿੱਲ ਵਿੱਚ ਵਿੱਤੀ ਪ੍ਰਭਾਵ ਸ਼ਾਮਲ ਹਨ ਅਤੇ ਵਿੱਤ ਵਿਭਾਗ ਦੇ ਪੱਤਰ ਨੰ. ਫਾਈਲ ਨੰ. ਐਫਡੀ-ਐਫਈ-60ਫੁਟ./87/2022-5 ਐਫਈ 6/I/427215/2022, ਮਿਤੀ 15.09.2022 ਰਾਹੀਂ ਵੀ ਇਸ ਸੋਧ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸੋਧ ਨਾਲ ਕਮਿਸ਼ਨ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇਗਾ ਅਤੇ ਪ੍ਰਤੀ ਮੀਟਿੰਗ ਸਿਟਿੰਗ ਫੀਸ ਵਿੱਚ ਵੀ ਕਮੀ ਆਵੇਗੀ ਕਿਉਂਕਿ ਇਸ ਸੋਧ ਨਾਲ ਮੈਂਬਰਾਂ ਦੀ ਗਿਣਤੀ 10 ਤੋਂ ਘਟ ਕੇ 5 ਹੋ ਜਾਵੇਗੀ।

---

**ਰਾਜਪਾਲ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 207 ਦੀਆਂ ਕਲਜ਼ (1) ਅਤੇ (3) ਦੀ ਪੈਰਵੀ ਵਿੱਚ, ਪੰਜਾਬ ਵਿਧਾਨ ਸਭਾ ਨੂੰ ਇਸ ਬਿੱਲ ਦੇ ਪੇਸ਼ ਕੀਤੇ ਜਾਣ ਅਤੇ ਇਸ ਤੇ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਹੈ।**

---

**ਚੰਡੀਗੜ੍ਹ** **ਸੁਰਿੰਦਰ ਪਾਲ,**

**10 ਮਾਰਚ, 2023** **ਸਕੱਤਰ।**

---

**ਵਿ.ਨੋ:- ਉਪਰੋਕਤ ਬਿੱਲ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 121 ਦੀ ਸਕਤੀ – ਧਾਰਾ ਅਧੀਨ ਪੰਜਾਬ ਸਰਕਾਰ ਗਜ਼ਟ (ਅਸਧਾਰਨ) ਮਿਤੀ 10 ਮਾਰਚ 2023 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।**